بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.01.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਜਨਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਰੱਬ ਆਪਣੇ ਵਲੀਆਂ ਤੇ ਨੇਕੀ ਉਪੱਰ ਕਾਇਮ ਰਹਿਣ ਵਾਲਿਆਂ ਦੀਆਂ ਸੰਤਾਨ ਦਰ ਸੰਤਾਨ ਤੇ ਨਸਲਾਂ ਦੀ ਵੀ ਸੁਰੱਖਿਆ ਕਰਦਾ ਹੈ ਅਤੇ ਉਹਨਾਂ ਨੂੰ ਆਪਣੀ ਮਿਹਰ ਨਾਲ ਨਵਾਜ਼ਦਾ ਹੈ ਬਸ਼ਰਤੇ ਕਿ ਉਹ ਸੰਤਾਨ ਤੇ ਨਸਲ ਵੀ ਨੇਕੀ ਉਪੱਰ ਕਾਇਮ ਰਹਿਣ ਵਾਲੀ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਨੂੰ ਵਿਸ਼ੇਸ਼ ਰੂਪ ਵਿੱਚ ਪੜ੍ਹਨ ਦਾ ਸਾਨੂੰ ਜਤਨ ਕਰਨਾ ਚਾਹੀਦਾ ਹੈ । ਉਹਨਾਂ ਤੋਂ ਸਾਡਾ ਧਾਰਮਕ ਗਿਆਨ ਵੀ ਵਧੇਗਾ ਅਤੇ ਸਾਨੂੰ ਪ੍ਰਚਾਰ ਦਾ ਸ਼ੌਕ ਵੀ ਪੈਦਾ ਹੋਵੇਗਾ, ਸਾਡੇ ਗਿਆਨ ਵਿੱਚ ਵੀ ਬਰਕਤ ਪਏਗੀ ਅਤੇ ਦੁਨੀਆ ਨੂੰ ਅਸੀਂ ਇਸਲਾਮ ਦੇ ਝੰਡੇ ਹੇਠ ਲਿਆਉਣ ਯੋਗ ਹੋਵਾਂਗੇ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਰੱਬ ਆਪਣੇ ਵਲੀਆਂ ਤੇ ਨੇਕੀ ਉਪੱਰ ਕਾਇਮ ਰਹਿਣ ਵਾਲਿਆਂ ਦੀਆਂ ਸੰਤਾਨ ਦਰ ਸੰਤਾਨ ਅਤੇ ਨਸਲਾਂ ਦੀ ਸੁਰੱਖਿਆ ਕਰਦਾ ਹੈ ਅਤੇ ਉਹਨਾਂ ਨੂੰ ਆਪਣੀਆਂ ਮਿਹਰਾਂ ਨਾਲ ਨਵਾਜ਼ਦਾ ਹੈ । ਬਸ਼ਰਤੇ ਕਿ ਉਹ ਸੰਤਾਨ ਵੀ ਨੇਕੀ ਉਪੱਰ ਕਾਇਮ ਰਹਿਣ ਵਾਲੀ ਹੋਵੇ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਦੀ ਉਧਾਰਣ ਦਿੰਦਿਆਂ ਹੋਇਆਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਾਰੇ ਫ਼ਰਮਾਉਂਦੇ ਹਨ ਕਿ ਦੇਖੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਜੱਦ ਆਪਣੀ ਰਸਾਲਤ (ਰਸੂਲ ਹੋਣ) ਦੇ ਅਰੰਭਕ ਦਿਨਾ ਵਿੱਚ ਆਪਣੇ ਪਰਿਵਾਰ ਦੇ ਲੋਕਾਂ ਨੂੰ ਸਚੱਾਈ ਦਾ ਸੰਦੇਸ਼ ਪਹੁੰਚਾਉਣ ਲਈ ਨਿਮੰਤਰਣ ਦਿੱਤਾ, ਆਪ ਨੇ ਇਸਲਾਮ ਦਾ ਸੰਦੇਸ਼ ਪਹੁੰਚਾਇਆ ਤਾਂ ਸਾਰੀ ਸੰਗਤ ਸਨੱਾਟੇ ਵਿੱਚ ਆ ਗਈ, ਸਾਰੇ ਚੁੱਪ ਸਨ, ਕੋਈ ਨਹੀਂ ਬੋਲਿਆ । ਅਖੀਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਖੜੇ ਹੋਏ ਅਤੇ ਅਰਜ਼ ਕੀਤੀ ਕਿ ਭਾਵੇਂ ਮੈਂ ਉਮਰ ਵਿੱਚ ਸਭ ਤੋਂ ਛੋਟਾ ਹਾਂ, ਉਹਨਾਂ ਸਾਰਿਆਂ ਤੋਂ ਜੋ ਵੀ ਲੋਕ ਇਸ ਸੰਗਤ ਵਿੱਚ ਬੈਠੇ ਹੋਏ ਹਨ । ਪਰ ਮੈਂ, ਆਪ ਨੇ ਜੋ ਫ਼ਰਮਾਇਆ ਹੈ **ਉਸ ਬਾਰੇ ਆਪ**ਦਾ ਸਾਥ ਦੇਣ ਲਈ ਤਿਆਰ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਹਮੇਸ਼ਾ ਆਪ ਦਾ ਸਾਥ ਦਿਆਂਗਾ । ਬਹਿਰਹਾਲ ਇਸ ਦੇ ਬਾਦ ਵਿਰੋਧਤਾ ਸ਼ਿਖ਼ਰ'ਤੇ ਪਹੁੰਚ ਗਈ । ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਅਮ ਨੂੰ ਹਿਜਰਤ ਕਰਨੀ ਪਈ । ਉਸ ਸਮੇਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਹੀ ਰੱਬ ਨੇ ਇਸ ਕੁਰਬਾਨੀ ਦੀ ਤੌਫ਼ੀਕ ਪ੍ਰਦਾਨ ਕੀਤੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਆਪਣੇ ਬਿਸਤਰ ਵਿੱਚ ਲਿਟਾਇਆ ਅਤੇ ਫ਼ਰਮਾਇਆ ਕਿ ਤੁਸੀਂ ਐਥੇ ਲੇਟੇ ਰਹੋ ਤਾਂ ਦੁਸ਼ਮਣ ਇਹ ਸਮਝੇ ਕਿ ਮੈਂ ਲੇਟਿਆ ਹੋਇਆ ਹਾਂ । ਉਸ ਸਮੇਂ ਹਜ਼ਰਤ ਅਲੀ ਨੇ ਇਹ ਨਹੀਂ ਕਿਹਾ ਕਿ ਹੇ, ਰਸੂਲੁਲੱਾਹ ਦੁਸ਼ਮਣ ਬਾਹਰ ਘੇਰਾ ਪਾਈ ਬੈਠਾ ਹੈ, ਸਵੇਰੇ ਜੱਦ ਉਹਨਾਂ ਨੂੰ ਪਤਾ ਲੱਗੇਗਾ ਤਾਂ ਕੋਈ ਸੰਦੇਹ ਨਹੀਂ ਕਿ ਮੈਂਨੂੰ ਕਤਲ ਕਰ ਦੇਣ, ਸਗੋਂ ਬਹੁਤ ਸ਼ਾਂਤੀ ਪੂਰਨ ਢੰਗ ਨਾਲ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਆਪ ਦੇ ਬਿਸਤਰ'ਤੇ ਸੌਂ ਗਏ ਅਤੇ ਸਵੇਰੇ ਜੱਦ ਕੁਫ਼ੱਾਰ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਹਜ਼ਰਤ ਅਲੀ ਨੂੰ ਬਹੁਤ ਮਾਰਿਆ ਕੁੱਟਿਆ, ਪਰ ਬਹਿਰਹਾਲ ਹਜ਼ਰਤ ਮੁਹਮੱਦ

ਸਲਲੱਾਹੁ ਅਲੈਹਿ ਵਸਲਅਮ ਉਸ ਸਮੇਂ ਤੱਕ ਹਿਜਰਤ ਕਰ ਚੁੱਕੇ ਸਨ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਇਸ ਕੁਰਬਾਨੀ ਨੇ ਉਹਨਾਂ ਨੂੰ ਬਾਦ ਵਿੱਚ ਕਿੰਨ੍ਹੀਆਂ ਨੇਮਤਾਂ ਨਾਲ ਨਵਾਜ਼ਿਆ । ਉਸ ਸਮੇਂ ਇਹ ਕੇਵਲ ਰੱਬ ਦੇ ਗਿਆਨ ਵਿੱਚ ਸੀ ਕਿ ਉਹਨਾਂ ਨੂੰ ਇਸ ਕੁਰਬਾਨੀ ਦੇ ਵਟਾਂਦਰੇ ਵਿੱਚ ਕਿੰਨ੍ਹਾ ਸਨਮਾਨ ਮਿਲਣ ਵਾਲਾ ਹੈ ਅਤੇ ਨ ਕੇਵਲ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਸਗੋਂ ਨੇਕੀਆਂ ਉਪੱਰ ਕਾਇਮ ਰਹਿਣ ਵਾਲੀ ਆਪ ਦੀ ਸੰਤਾਨ ਨੂੰ ਅਤੇ ਨਸਲਾਂ ਨੂੰ ਵੀ ਅਲੱਾਹ ਤਆਲਾ ਸਨਮਾਨ ਨਾਲ ਨਵਾਜ਼ੇਗਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਉਪੱਰ ਪਹਿਲੀ ਮਿਹਰ ਤਾਂ ਰੱਬ ਨੇ ਇਹ ਫ਼ਰਮਾਈ ਕਿ ਆਪ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਦਾਮਾਦੀ ਦਾ ਸਨਮਾਨ ਪ੍ਰਾਪਤ ਹੋਇਆ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਵੱਖ ਵੱਖ ਮੌਕਿਆਂ ਉਪੱਰ ਆਪ ਦੇ ਕੰਮਾ ਕਰਕੇ ਆਪ ਦੀ ਬਹੁਤ ਸ਼ਲਾਘਾ ਕੀਤੀ । ਇਕ ਵਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਜੰਗ ਲਈ ਕਿਸੇ ਥਾਂ ਜਾ ਰਹੇ ਸਨ ਤਾਂ ਹਜ਼ਰਤ ਅਲੀ ਨੂੰ ਮਦੀਨੇ ਰਹਿਣ ਦਾ ਹੁਕਮ ਹੋਇਆ । ਹਜ਼ਰਤ ਅਲੀ ਨੇ ਬਿਨਤੀ ਕਤੀ ਕਿ ਹੇ, ਰਸੂਲੁਲੱਾਹ ਆਪ ਮੈਨੂੰ ਇਸਤਰੀਆਂ ਤੇ ਬੱਚਿਆਂ ਨਾਲ ਛੱਡ ਕੇ ਜਾ ਰਹੇ ਹਨ । ਆਪ ਨੇ ਫ਼ਰਮਾਇਆ ਹੇ, ਅਲੀ ਕੀ ਤੁਹਾਨੂੰ ਇਹ ਪਸੰਦ ਨਹੀਂ ਕਿ ਤੁਹਾਡਾ ਸੰਬੰਧ ਮੇਰਾ ਉਹ ਹੋਵੇ ਜੋ ਹਾਰੂਨ ਦਾ ਮੂਸਾ ਨਾਲ ਸੀ । ਹਜ਼ਰਤ ਮੂਸਾ ਹਾਰੂਨ ਨੂੰ ਪਿੱਛੇ ਛੱਡ ਕੇ ਗਏ ਸਨ, ਇਸ ਤੋਂ ਹਾਰੂਨ ਦਾ ਸਨਮਾਨ ਘੱਟ ਨਹੀਂ ਹੋਇਆ ਸੀ । ਸੋ, ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਵੀ ਰੱਬ ਨੇ ਸਨਮਾਨ ਇਸ ਪ੍ਰਕਾਰ ਕਾਇਮ ਕੀਤਾ ਅਤੇ ਫਿਰ ਆਪ ਤੱਕ ਹੀ ਨਹੀਂ ਸਗੋਂ ਇਸਲਾਮ ਵਿੱਚ ਜੋ ਅਧਿਕਤਰ ਔਲੀਆ ਅਤੇ ਸੂਫ਼ੀ ਲੰਘੇ ਹਨ ਉਹ ਹਜ਼ਰਤ  ਅਲੀ ਰਜ਼ੀ ਅਲੱਾਹ ਅਨਹੁ ਦੀ ਸੰਤਾਨ ਵਿੱਚੋਂ ਹੀ ਹਨ ਜਾਂ ਸਨ ਅਤੇ ਇਹਨਾਂ ਔਲੀਆਵਾਂ ਨੂੰ ਵੀ ਅਲੱਾਹ ਤਆਲਾ ਨੇ ਕ੍ਰਿਸ਼ਮਿਆਂ ਤੇ ਆਪਣੀਆਂ ਮਿਹਰਾਂ ਨਾਲ ਨਵਾਜ਼ਿਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਮੈਂ ਇਕ ਗੱਲ ਸੁਣੀ ਹੋਈ ਹੈ ਅਤੇ ਉਹ ਇਹ ਹੈ ਕਿ ਹਾਰੂਨ ਰਸ਼ੀਦ ਨੇ ਇਮਾਮ ਮੂਸਾ ਰਜ਼ਾ ਨੂੰ ਕਿਸੇ ਕਾਰਣ ਕਰਕੇ ਕੈਦ ਕਰ ਦਿਤੱਾ ਅਤੇ ਉਹਨਾਂ ਦੇ ਹਥੱਾਂ ਤੇ ਪੈਰ੍ਹਾਂ ਵਿੱਚ ਰੱਸੀਆਂ ਬੰਨ੍ਹ ਦਿੱਤੀਆਂ । ਹਾਰੂਨ ਰਸ਼ੀਦ ਆਪਣੇ ਮਹਿਲ ਵਿੱਚ ਆਰਾਮ ਨਾਲ ਨਰਮ ਗੱਦਿਆਂ ਉਪੱਰ ਸੁਤੱਾ ਹੋਇਆ ਸੀ ਕਿ ਉਸ ਨੇ ਸੁਪਨੇ ਵਿੱਚ ਦੇਖਿਆ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਆਏ ਹੋਏ ਹਨ ਅਤੇ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਚਿਹਰੇ ਉਪੱਰ ਗੁੱਸੇ ਦੇ ਚਿੰਨ੍ਹ ਪ੍ਰਕਟ ਹੋ ਰਹੇ ਹਨ । ਆਪ ਨੇ ਫ਼ਰਮਾਇਆ ਕਿ ਹਾਰੂਨ ਰਸ਼ੀਦ ਤੁਸੀਂ ਸਾਡੇ ਨਾਲ ਪ੍ਰੇਮ ਦਾ ਦਾਵਾ ਕਰਦੇ ਹੋ ਪਰ ਤੁਹਾਨੂੰ ਸ਼ਰਮ ਨਹੀਂ  ਆਉਂਦੀ ਕਿ ਤੁਸੀਂ ਆਰਾਮ ਨਾਲ ਨਰਮ ਗੱਦਿਆਂ ਉਪੱਰ ਗਹਿਰੀ ਨੀਂਦ ਸੌਂ ਰਹੇ ਹੋ ਅਤੇ ਸਾਡਾ ਬਚੱਾ ਗਰਮੀ ਵਿੱਚ ਹੱਥ ਪੈਰ੍ਹ ਬੰਨ੍ਹੀ ਕੈਦਖ਼ਾਨੇ ਵਿੱਚ ਪਿਆ ਹੈ । ਇਹ ਦ੍ਰਿਸ਼ ਦੇਖਕੇ ਹਾਰੂਨ ਰਸ਼ੀਦ ਬੇਤਾਬ ਹੋਕੇ ਉਠ ਬੈਠਾ ਅਤੇ ਜੇਲਖ਼ਾਨੇ ਵੱਲ ਗਿਆ ਅਤੇ ਆਪਣੇ ਹੱਥ ਨਾਲ ਇਮਾਮ ਮੂਸਾ ਰਜ਼ਾ ਦੇ ਹੱਥਾਂ ਅਤੇ ਪੈਰ੍ਹਾਂ ਦੀ ਰੱਸੀ ਖੋਲੀ । ਉਹਨਾਂ ਨੇ ਹਾਰੂਨ ਰਸ਼ੀਦ ਨੂੰ ਕਿਹਾ ਕਿ ਆਪ ਤਾਂ ਮੇਰੇ ਐਨ੍ਹੇ ਵਿਰੋਧੀ ਸੀ, ਹੁਣ ਕੀ ਗੱਲ ਹੋਈ ਹੈ ਕਿ ਆਪ ਖ਼ੁੱਦ ਚੱਲ ਕੇ ਐਥੇ ਆਏ ਹੋ । ਹਾਰੂਨ ਰਸ਼ੀਦ ਨੇ ਆਪਣਾ ਸੁਪਨਾ ਸੁਣਾਇਆ ਅਤੇ ਕਿਹਾ ਕਿ ਮੈਂ ਆਪ ਤੋਂ ਮੁਆਫ਼ੀ ਚਾਹੁੰਦਾ ਹਾਂ, ਮੈਂ  ਅਸਲ ਹਕੀਕਤ ਨੂੰ ਨਹੀਂ ਜਾਣਦਾ ਸੀ । ਹੁਣ ਦੇਖੋ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਇਸ ਜ਼ਮਾਨੇ ਵਿੱਚ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਜ਼ਮਾਨੇ ਵਿੱਚ ਕਿੰਨ੍ਹੀ ਦੂਰੀ ਸੀ । ਅਸੀਂ ਕਈ ਬਾਦਸ਼ਾਹਾਂ ਦੀਆਂ ਸੰਤਾਨਾਂ ਨੂੰ ਦੇਖਿਆ ਹੈ ਕਿ ਉਹ ਦਰ ਬਦਰ ਧੱਕੇ ਖਾਂਦੀਆਂ ਫਿਰਦੀਆਂ ਹਨ । ਦੂਜੇ ਪਾਸੇ ਦੇਖੋ  ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਸੰਤਾਨ ਨੂੰ ਐਨ੍ਹੀਆਂ ਪੁਸ਼ਤਾਂ ਲੰਘਣ ਦੇ ਬਾਦ ਵੀ ਰੱਬ ਇਕ ਬਾਦਸ਼ਾਹ ਨੂੰ ਸੁਪਨੇ ਵਿੱਚ ਡਰਾਉਂਦਾ ਹੈ ਅਤੇ ਉਹਨਾਂ ਨਾਲ ਚੰਗੇ ਵਰਤਾਉ ਕਰਨ ਦੀ ਤਾਕੀਦ ਕਰਦਾ ਹੈ । ਜੇਕਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਇਸ ਸਨਮਾਨ ਦਾ ਪਤਾ ਹੁੰਦਾ ਅਤੇ ਉਹਨਾਂ ਨੂੰ ਗ਼ੈਬ ਦਾ ਗਿਆਨ ਹੁੰਦਾ ਅਤੇ ਉਹ ਕੇਵਲ ਇਸ ਸਨਮਾਨ ਲਈ ਇਸਲਾਮ ਕੁਬੂਲ ਕਰਦੇ ਤਾਂ ਉਹਨਾਂ ਦਾ ਈਮਾਨ ਕੇਵਲ ਇਕ ਸੌਦਾ ਤੇ ਦੁਕਾਨਦਾਰੀ ਬਣਕੇ ਰਹਿ ਜਾਂਦਾ ਕਿਸੇ ਇਨਾਮ ਜਾਂ ਉਪਹਾਰ ਦਾ ਸਬਬ ਨ ਬਣਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਥਾਂ ਇਕ ਵਲੀ ਦਾ ਵਰਨਣ ਕਰਦਿਆਂ ਹੋਇਆ ਫ਼ਰਮਾਇਆ ਕਿ ਉਹ ਜਹਾਜ਼ ਵਿੱਚ ਸਵਾਰ ਸੀ ਸਮੁੰਦਰ ਵਿੱਚ ਤੂਫ਼ਾਨ ਆ ਗਿਆ, ਨੇੜੇ ਸੀ ਕਿ ਉਹ ਜਹਾਜ਼ ਗਰਕ ਹੋ ਜਾਂਦਾ । ਉਸ ਦੀ ਦੁਆ ਨਾਲ ਬਚਾ ਲਿਆ ਗਿਆ ਅਤੇ ਦੁਆ ਸਮੇਂ ਉਸ ਵਲੀ ਨੂੰ ਇਲਹਾਮ ਹੋਇਆ ਕਿ ਤੇਰੀ ਖ਼ਾਤਰ ਅਸੀਂ ਸਾਰਿਆਂ ਨੂੰ ਬਚਾ ਲਿਆ । ਆਪ ਨੇ ਫ਼ਰਮਾਇਆ : ਦੇਖੋ ਇਹ ਗਲੱਾਂ ਨਿਰੀ ਜ਼ੁਬਾਨੀ ਜਮਾ ਖਰਚ ਤੋਂ ਹਾਸਲ ਨਹੀਂ ਹੁੰਦੀਆਂ ਸਗੋਂ ਇਸ ਦੇ ਲਈ ਮਿਹਨਤ ਕਰਨੀ ਪੈਂਦੀ ਹੈ, ਰੱਬ ਨਾਲ ਸੰਬੰਧ ਰਖੱਣਾ ਪੈਂਦਾ ਹੈ ਨੇਕੀਆਂ ਨੂੰ ਜਾਰੀ ਰਖੱਣਾ ਪੈਂਦਾ ਹੈ ਜੋ ਆਪਣੀਆਂ ਪੈਤ੍ਰਿਕ ਨੇਕੀਆਂ ਹਨ । ਸੋ, ਨੇਕਾਂ ਦੀ ਸੰਤਾਨ ਹੋਣਾ, ਵਲੀਆਂ ਦੀ ਸੰਤਾਨ ਹੋਣਾ, ਬਜ਼ੁਰਗਾਂ ਦੀ ਸੰਤਾਨ ਹੋਣਾ ਉਸ ਸਮੇਂ ਲਾਭ ਦਿੰਦਾ ਹੈ ਜੱਦ ਆਪ ਵੀ ਮਨੁੱਖ ਨੇਕੀਆਂ ਉਪੱਰ ਕਾਇਮ ਹੋਵੇ ਅਤੇ ਰੱਬ ਨਾਲ ਸੰਬੰਧ ਹੋਵੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲਾਹ ਅਨਹੁ ਦੀਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਵਰਨਣ ਕੀਤੀਆਂ ਕੁਝ ਹੋਰ ਗੱਲਾਂ ਵੀ ਇਸ ਸਮੇਂ ਮੈਂ ਆਪਦੇ ਸਾਹਮਣੇ ਰਖੱਾਂਗਾ । ਹਜ਼ਰਤ ਮੁਸਲਿਹ ਮੌਊਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਮਾਜ਼ ਬਾ ਜਮਾਤ ਦੀ ਪਾਬੰਦੀ ਬਾਰੇ ਫ਼ਰਮਾਉਂਹੁਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਨਮਾਜ਼ ਐਨ੍ਹੀ ਪਿਆਰੀ ਸੀ ਕਿ ਜੱਦ ਕਦੇ ਬਿਮਾਰੀ ਆਦਿ ਕਰਕੇ ਆਪ ਨਹੀਂ ਆ ਸਕਦੇ ਸਨ ਅਤੇ ਘਰ ਵਿੱਚ ਹੀ ਨਮਾਜ਼ ਪੜ੍ਹਨੀ ਪੈਂਦੀ ਸੀ ਤਾਂ ਮਾਂ ਜੀ ਜਾਂ ਘਰ ਦੇ ਬੱਚਿਆਂ ਨੂੰ ਨਾਲ ਮਿਲਾ ਕੇ ਨਮਾਜ਼ ਬਾਜਮਾਤ ਪੜ੍ਹਿਆ ਕਰਦੇ ਸਨ । ਕੇਵਲ ਨਮਾਜ਼ ਨਹੀਂ ਪੜ੍ਹਦੇ ਸਨ ਸਗੋਂ ਬਾਜਮਾਤ ਨਮਾਜ਼ ਪੜ੍ਹਦੇ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਇਕ ਮੌਕੇ ਉਪੱਰ ਨਮਾਜ਼ ਬਾਜਮਾਤ ਦੀ ਮਹਤੱਾ ਵਰਨਣ ਕਰਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਰੱਬ ਦੀ ਇਹ ਇੱਛਿਆ ਹੈ ਕਿ ਸਾਰੀ ਮਨੁਖੱਤਾ ਨੂੰ ਇਕ ਜਾਨ ਵਾਂਗ ਬਣਾ ਦੇਵੇ । ਇਸ ਦਾ ਨਾਂ ਏਕਤਾ ਹੈ । ਆਪ ਨੇ ਫ਼ਰਮਾਇਆ ਕਿ ਧਰਮ ਤੋਂ ਵੀ ਇਹੋ ਉਦੇਸ਼ ਹੁੰਦਾ ਹੈ ਕਿ ਮਾਲਾ ਦੇ ਮੋਤੀਆਂ ਵਾਂਗ ਸਾਰੇ ਹੀ ਏਕਤਾ ਦੇ ਸੂਤਰ ਵਿੱਚ ਪਿਰੋਏ ਜਾਣ । ਧਰਮ ਉਹੋ ਹੈ ਜੋ ਸਾਰਿਆਂ ਨੂੰ ਏਕਤਾ ਵਿੱਚ ਇਕਤੱਰ ਕਰਕੇ ਇਕ ਕਰ ਦੇਵੇ । ਫਰਮਾਇਆ ਕਿ ਇਹ ਨਮਾਜ਼ਾਂ ਜੋ ਜਮਾਤ ਨਾਲ ਅਦਾ ਕੀਤੀਆਂ ਜਾਂਦੀਆਂ ਹਨ, ਉਹ ਵੀ ਇਸੇ ਏਕੇ ਲਈ ਹਨ ਤਾਂ ਸਾਰੇ ਨਮਾਜ਼ੀਆਂ ਦਾ ਇਕ ਵੁਜੂਦ ਗਿਣਿਆ ਜਾਵੇ । ਅਤੇ ਆਪੋ ਵਿੱਚ ਮਿਲਕੇ ਖੜ੍ਹੇ ਹੋਣ ਦਾ ਹੁਕੁਮ ਇਸ ਲਈ ਹੈ ਕਿ ਜਿਸ ਦੇ ਕੋਲ ਬਹੁਤਾ ਨੂਰ ਹੈ ਉਹ ਦੂਜੇ ਕਮਜ਼ੋਰ ਵਿੱਚ ਸ਼ਾਮਲ ਹੋਕੇ ਉਸ ਨੂੰ ਸ਼ਕਤੀ ਦੇਵੇ, ਅਰਥਾਤ ਨਮਾਜ਼ੀ ਇਕ ਦੂਜੇ ਤੋਂ ਸ਼ਕਤੀ ਹਾਸਲ ਕਰਨ । ਫ਼ਰਮਾਇਆ ਇਸ ਜਮਹੂਰੀ ਏਕਤਾ ਨੂੰ ਪੈਦਾ ਕਰਨ ਅਤੇ ਕਾਇਮ ਰਖੱਣ ਦਾ ਅਰੰਭ ਇਸ ਪ੍ਰਕਾਰ ਰੱਬ ਨੇ ਕੀਤਾ ਹੈ ਕਿ ਪਹਿਲਾਂ ਇਹ ਹੁਕੁਮ ਦਿਤੱਾ ਕਿ ਹਰ ਮੁਹੱਲੇ ਵਾਲੇ ਪੰਜ ਸਮੇਂ ਨਮਾਜ਼ਾਂ ਨੂੰ ਬਾਜਮਾਤ ਮੁਹੱਲੇ ਦੀ ਮਸਜਿਦ ਵਿੱਚ ਪੜ੍ਹਿਆ ਕਰਨ ਤਾਂ ਜੋ ਆਚਰਣਾ ਦਾ ਤਬਾਦਲਾ ਆਪੋ ਵਿੱਚ ਹੋਵੇ ਅਤੇ ਸਾਰੇ ਨੂਰ ਮਿਲਕੇ ਕਮਜ਼ੋਰੀ ਨੂੰ ਦੂਰ ਕਰਨ ਅਤੇ ਆਪੋ ਵਿੱਚ ਪਛਾਣ ਹੋਕੇ ਸਨੇਹ ਪੈਦਾ ਹੋ ਜਾਵੇ । ਫ਼ਰਮਾਇਆ ਕਿ ਪਛਾਣ ਬਹੁਤ ਉਮਦਾ ਚੀਜ ਹੈ ਕਿਉਂਕਿ ਪਛਾਣ ਨਾਲ ਪ੍ਰੇਮ ਵਧੱਦਾ ਹੈ ਜੋ ਕਿ ਏਕਤਾ ਦੀ ਨੀਂਹ ਹੈ ।

ਸੋ, ਬਾਜਮਾਤ ਨਮਾਜ਼ ਦਾ ਜਿੱਥੇ ਮਨੁੱਖ ਨੂੰ ਵਿਅਕੱਤੀਗਤ ਲਾਭ ਹੁੰਦਾ ਹੈ ਓਥੇ ਜਮਾਤੀ (ਸਮਾਜਕ) ਲਾਭ ਵੀ ਹੈ । ਅਤੇ ਜੋ ਬਾਜਮਾਤ ਨਮਾਜ਼ ਲਈ ਮਸਜਿਦ ਵਿੱਚ ਨਹੀਂ ਆਉਂਦੇ ਜਾਂ ਕੁਝ ਅਜਿਹੇ ਵੀ ਹਨ ਜੋ ਆਕੇ ਆਪੋ ਵਿੱਚ ਰੰਜਿਸ਼ਾਂ (ਵਿਵਾਦ) ਨੂੰ ਦੂਰ ਕਰਕੇ ਪ੍ਰੇਮ ਤੇ ਸੰਬੰਧ ਪੈਦਾ ਨਹੀਂ ਕਰਦੇ ਫਿਰ ਉਹਨਾਂ ਨੂੰ ਨਮਾਜ਼ ਕੋਈ ਲਾਭ ਨਹੀਂ ਦਿੰਦੀ ਕਿਉਂਕਿ ਜੋ ਉਦੇਸ਼ ਹੈ ਇਕ ਨਮਾਜ਼ ਦਾ, ਇਬਾਦਤ ਤੋਂ ਬਿਨਾ ਉਹ ਇਕ ਏਕਤਾ ਪੈਦਾ ਕਰਨਾ ਹੁੰਦਾ ਹੈ ਆਪੋ ਵਿੱਚ ਪ੍ਰੇਮ ਅਤੇ ਸਨੇਹ ਪੈਦਾ ਹੋਣਾ, ਉਹ ਹਾਸਲ ਨਹੀਂ ਹੁੰਦਾ । ਸੋ, ਇਸ ਸੋਚ ਨਾਲ ਸਾਨੂੰ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਵੀ ਕਰਨੀ ਚਾਹੀਦੀ ਹੈ ਅਤੇ ਇਸ ਸੋਚ ਨਾਲ ਮਸਜਿਦ ਵਿੱਚ ਆਉਂਣਾ ਚਾਹੀਦਾ ਹੈ ਤਾਂ ਜੋ ਅਸੀਂ ਇਕ ਹੋਕੇ ਰੱਬ ਦੀ ਹਜ਼ੂਰੀ ਵਿੱਚ ਪਰਵਾਨ ਯੋਗ ਨਮਾਜ਼ਾਂ ਪੜ੍ਹਨ ਵਾਲੇ ਬਣ ਸਕੀਏ ਅਤੇ ਉਸ ਦੀ ਰਜ਼ਾ ਪ੍ਰਾਪਤ ਕਰਨ ਵਾਲੇ ਬਣੀਏ ।

ਨਮਾਜ਼ਾਂ ਦੇ ਨਸ਼ਟ ਹੋਣ ਦੀ ਇਕ ਘਟੱਣਾ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਵਰਨਣ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਣਾਇਆ ਕਰਦੇ ਸਨ

ਕਿ ਇਕ ਵਾਰ ਹਜ਼ਰਤ ਮੁਆਵੀਯਾਹ ਦੀ ਸਵੇਰ ਸਮੇਂ ਅੱਖ ਨ ਖੁੱਲੀ ਅਤੇ ਜੱਦ ਅੱਖ ਖੁੱਲੀ ਤਾਂ ਵੇਖਿਆ ਕਿ ਨਮਾਜ਼ ਦਾ ਸਮਾਂ ਲੰਘ ਗਿਆ ਹੈ, ਉਸ'ਤੇ ਉਹ ਸਾਰਾ ਦਿਨ ਰੋਂਦੇ ਰਹੇ । ਦੂਜੇ ਦਿਨ ਉਹਨਾਂ ਨੇ ਸੁਪਨੇ ਵਿੱਚ ਦੇਖਿਆ ਕਿ ਇਕ ਵਿਅਕਤੀ ਉਹਨਾਂ ਨੂੰ ਨਮਾਜ਼ ਲਈ ਉਠਾਉਂਦਾ ਹੈ ਉਹਨਾਂ ਨੇ ਪੁੱਛਿਆ ਕਿ ਤੂੰ ਕੌਣ ਹੈ, ਉਸ ਨੇ ਕਿਹਾ ਕਿ ਸ਼ੈਤਾਨ ਹਾਂ, ਜੋ ਤੁਹਾਨੂੰ ਨਮਾਜ਼ ਲਈ ਉਠਾਉਣ ਲਈ ਆਇਆ ਹਾਂ । ਉਹਨਾਂ ਨੇ ਕਿਹਾ ਕਿ ਤੈਂਨੂੰ ਨਮਾਜ਼ ਲਈ ਉਠਾਉਣ ਨਾਲ ਕੀ ਸੰਬੰਧ ? ਕੀ ਗੱਲ ਹੈ ? ਉਸ ਨੇ ਕਿਹਾ ਕਿ ਕੱਲ ਜੋ ਮੈਂ ਤੁਹਾਨੂੰ ਸੁੱਤੇ ਰਹਿਣ ਦਿੱਤਾ ਸੀ ਅਤੇ ਤੁਸੀਂ ਸੁੱਤੇ ਰਹੇ ਅਤੇ ਨਮਾਜ਼ ਨ ਪੜ੍ਹ ਸਕੇ, ਇਸ 'ਤੇ ਤੁਸੀਂ ਸਾਰਾ ਦਿਨ ਰੋਂਦੇ ਰਹੇ ਚਿੰਤਾ ਕਰਦੇ ਰਹੇ । ਰੱਬ ਨੇ ਕਿਹਾ ਕਿ ਇਸ ਨੂੰ ਨਮਾਜ਼ ਬਾਜਮਾਤ ਪੜ੍ਹਨ ਤੋਂ ਕਈ ਗੁਣਾ ਵੱਧ ਪੁੰਨ ਦੇ ਦਿਓ । ਸ਼ੈਤਾਨ ਕਹਿੰਦਾ ਹੈ ਕਿ ਮੈਂਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਕਿ ਨਮਾਜ਼ ਤੋਂ ਵਾਂਜਿਆਂ ਰਖੱਣ'ਤੇ ਵੀ ਤੁਹਾਨੂੰ ਹੋਰ ਅਧਿਕ ਪੁੰਨ ਮਿਲ ਗਿਆ । ਇਸ ਲਈ ਅੱਜ ਮੈਂ ਜਗਾਉਣ ਲਈ ਆਇਆ ਹਾਂ ਕਿ ਕਿਤੇ ਅੱਜ ਵੀ ਤੁਸੀਂ ਬਹੁਤਾ ਪੁੰਨ ਨ ਹਾਸਲ ਕਰ ਲਓ । ਸੋ, ਆਪ ਫ਼ਰਮਾਉਂਦੇ ਹਨ ਕਿ ਸ਼ੈਤਾਨ ਉਦੋਂ ਪਿਛੱਾ ਛਡੱਦਾ ਹੈ ਜੱਦ ਕਿ ਮਨੁੱਖ ਉਸ ਦੀ ਗੱਲ ਦਾ ਤੋੜ ਕਰਦਾ ਹੈ, ਉਸ ਤੋਂ ਉਹ ਨਿਰਾਸ਼ ਹੋ ਜਾਂਦਾ ਹੈ ਅਤੇ ਚਲਾ ਜਾਂਦਾ ਹੈ । ਸੋ, ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਹਰ ਮੌਕੇ'ਤੇ ਸ਼ੈਤਾਨ ਨੂੰ ਨਿਰਾਸ਼ ਕਰੀਏ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਦੀ ਜਿੱਥੋਂ ਤੱਕ ਹੋ ਸਕੇ ਜਤਨ ਕਰੀਏ ਅਤੇ ਉਸ ਦੇ ਆਦੇਸ਼ਾਂ ਉਪੱਰ ਚਲੱਣ ਦਾ ਜਤਨ ਕਰੀਏ । ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰੀਏ ਅਤੇ ਸਮੇਂ ਸਿਰ ਨਮਾਜ਼ ਪੜ੍ਹਨ ਦਾ ਜਤਨ ਕਰੀਏ ।

ਕਈ ਵਾਰ ਕਈ ਲੋਕ ਕਾਹਲੀ ਨਾਲ ਕੰਮ ਲੈਂਦੇ ਹੋਏ ਕਿਸੇ ਗੱਲ ਦੀ ਢੂੰਘਿਆਈ ਵਿੱਚ ਜਾਏ ਬਿਨਾ ਹੀ ਆਪਣੀ ਰਾਏ ਕਾਇਮ ਕਰ ਲੈਂਦੇ ਹਨ ਅਤੇ ਫਿਰ ਕੁਝ ਕਮਜ਼ੋਰ ਸੁਭਾਵੀ ਇਸ ਦੇ ਸਬਬ ਠੋਕਰ ਵੀ ਖਾ ਜਾਂਦੇ ਹਨ । ਇਕ ਘਟਨਾ ਦਾ ਵਰਨਣ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਕ ਦਾਵਤ ਵਿੱਚ ਮੈਂ ਇਕ ਵਿਅਕਤੀ ਨੂੰ ਖੱਬੇ ਹੱਥ ਨਾਲ ਪਾਣੀ ਪੀਣ ਤੋਂ ਰੋਕਿਆ । ਮੈਂ ਉਸ ਨੂੰ ਕਿਹਾ ਕਿ ਸੱਜੇ ਹੱਥ ਨਾਲ ਪਾਣੀ ਪਿਓ ਜੇਕਰ ਕੋਈ ਉਚਿਤ ਉਜ਼ਰ ਨਹੀਂ ਹੈ ਤਾਂ । ਤਾਂ ਉਸ ਨੇ ਕਿਹਾ ਕਿ ਹਜ਼ਰਤ ਸਾਹਬ ਵੀ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਖੱਬੇ ਹੱਥ ਨਾਲ ਪਾਣੀ ਪੀਆ ਕਰਦੇ ਸਨ ਜੱਦ ਕਿ ਹਜ਼ਰਤ ਸਾਹਬ ਦਾ ਅਜਿਹਾ ਕਰਨ ਦਾ ਇਕ ਕਾਰਣ ਸੀ ਅਤੇ ਉਹ ਇਹ ਕਿ ਆਪ ਬਚਪਨ ਵਿੱਚ ਡਿੱਗ ਗਏ ਸਨ ਜਿਸ ਕਰਕੇ ਹੱਥ ਵਿੱਚ ਚੋਟ ਆਈ ਹੋਈ ਸੀ ਅਤੇ ਹੱਥ ਐਨ੍ਹਾ ਕਮਜ਼ੋਰ ਹੋ ਗਿਆ ਸੀ ਕਿ ਉਸ ਹੱਥ ਨਾਲ ਗਲਾਸ ਤਾਂ ਚੁੱਕ ਸਕਦੇ ਸਨ ਪਰ ਮੂੰਹ ਤੱਕ ਨਹੀਂ ਲਿਜਾ ਸਕਦੇ ਸਨ, ਪਰ ਸੁਨੱਤ ਦੀ ਪਾਬੰਦੀ ਲਈ ਆਪ ਭਾਵੇਂ ਖੱਬੇ ਹੱਥ ਨਾਲ ਗਲਾਸ ਚੁਕੱਦੇ ਸਨ ਪਰ ਹੇਠਾਂ ਸੱਜੇ ਹੱਥ ਦਾ ਸਹਾਰਾ ਵੀ ਦੇ ਲਿਆ ਕਰਦੇ ਸਨ । ਬਹਿਰਹਾਲ ਇਹ ਕਾਹਲੀਆਂ ਹੀ ਹਨ ਜੋ ਫਿਰ ਗ਼ਲਤ ਪ੍ਰਕਾਰ ਦੀਆਂ ਕੁਰੀਤੀਆਂ ਵੀ ਪੈਦਾ ਕਰ ਦਿੰਦੀਆਂ ਹਨ । ਗਲਤ ਪ੍ਰਕਾਰ ਦੀਆਂ ਆਪ ਹੀ ਵਿਆਖਿਆਵਾਂ ਕਰਕੇ ਮਨੁੱਖ ਆਪਣੇ ਆਪ ਗ਼ਲਤ ਸਿੱਟੇ ਕੱਢ ਲੈਂਦਾ ਹੈ ।

ਤਵਕੱਲ (ਭਰੋਸੇ, ਵਿਸ਼ਵਾਸ) ਦੇ ਹਵਾਲੇ ਨਾਲ ਹਜ਼ਰਤ ਮੁਸਲਿਹ ਮੌਊਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਸੁਣੀ ਹੋਈ ਇਕ ਗੱਲ ਵਰਨਣ ਫ਼ਰਮਾਉਂਦੇ ਹਨ ਕਿ ਸੁਲਤਾਨ ਅਬਦੁਲ ਹਮੀਦ ਖਾਂਨ ਦੀ ਇਕ ਗੱਲ ਮੈਂਨੂੰ ਬਹੁਤ ਪਸੰਦ ਹੈ । ਜੱਦ ਯੂਨਾਨ ਨਾਲ ਜੰਗ ਦਾ ਪ੍ਰਸ਼ਨ ਉੱਠਿਆਤਾਂ ਸੁਲਤਾਨ ਅਬਦੁਲ ਹਮੀਦ ਖਾਂਨ ਦੀ ਇਛੱਾ ਸੀ ਕਿ ਜੁੱਧ ਹੋਵੇ ਪਰ ਮੰਤਰੀਆਂ ਦੀ ਇਛੱਾ ਨਹੀਂ ਸੀ, ਇਸ ਲਈ ਉਹਨਾਂ ਨੇ ਅਨੇਕਾਂ ਹੀ ਉਜ਼ਰ ਪੇਸ਼ ਕੀਤੇ । ਅਖੀਰ ਉਹਨਾਂ ਨੇ ਕਿਹਾ ਕਿ ਜੁੱਧ ਲਈ ਇਹ ਚੀਜ਼ ਵੀ ਤਿਆਰ ਹੈ ਅਤੇ ਉਹ ਚੀਜ਼ ਵੀ ਤਿਆਰ ਹੈ ਪਰ ਮਹਤੱਵਪੂਰਨ ਚੀਜ਼ ਦੀ ਚਰਚਾ ਕਰਕੇ ਕਹਿ ਦਿੱਤਾ ਕਿ ਫ਼ਲਾਣੇ ਕੰਮ ਦਾ ਪ੍ਰਬੰਧ ਨਹੀਂ ਹੋ ਸਕਿਆ ਜੋ ਜੁੱਧ ਲਈ ਜ਼ਰੂਰੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਜੱਦ ਮੰਤਰੀਆਂ ਨੇ ਆਪਣੀਆਂ ਸਲਾਹਾਂ ਦਿੱਤੀਆਂ ਅਤੇ ਔਕੜਾਂ ਦੱਸੀਆਂ ਅਤੇ ਕਿਹਾ ਕਿ ਫ਼ਲਾਣੀ ਚੀਜ਼ ਦਾ ਪ੍ਰਬੰਧ ਨਹੀਂ ਤਾਂ ਸੁਲਤਾਨ ਅਬਦੁਲ ਹਮੀਦ ਖਾਂਨ ਨੇ ਉੱਤਰ ਦਿੱਤਾ ਕਿ ਕੋਈ ਖਾਨਾ ਤਾਂ ਰੱਬ ਲਈ ਵੀ ਛਡੱਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਲਤਾਨ ਅਬਦੁਲ ਹਮੀਦ ਦੇ ਇਸ ਵਾਕ ਤੋਂ ਬਹੁਤ ਹੀ ਆਨੰਦ ਓਠਾਉਂਦੇ ਸਨ ਅਤੇ ਫ਼ਰਮਾਇਆ ਕਰਦੇ

ਸਨ ਕਿ ਮੈਂਨੂੰ ਉਸ ਦੀ ਇਹ ਗੱਲ ਬਹੁਤ ਪਸੰਦ ਹੈ । ਫਿਰ ਮੋਮਿਨ ਨੂੰ ਆਪਣੇ ਜਤਨਾਂ ਵਿੱਚੋਂ ਇਕ ਖਾਨਾ ਰੱਬ ਲਈ ਵੀ ਛਡੱਣਾ ਜ਼ਰੂਰੀ ਹੁੰਦਾ ਹੈ । ਆਮ ਕਰਕੇ ਨੌਜੁਆਨਾ ਦੇ ਮਨ ਵਿੱਚ ਇਹ ਪ੍ਰਸ਼ਨ ਉਠਦੇ ਰਹਿੰਦੇ ਹਨ ਕਿ ਤਰੱਕੀ ਪ੍ਰਾਪਤ ਕੌਮਾ ਰੱਬ ਤੋਂ ਦੂਰ ਜਾਕੇ ਸੰਭਵਤਾ ਤਰੱਕੀ ਕਰ ਰਹੀਆਂ ਹਨ ਅਤੇ ਮੁਸਲਮਾਨ ਧਰਮ ਦੇ ਸਬਬ ਪਤਨ ਦਾ ਸ਼ਿਕਾਰ ਹੋ ਰਹੇ ਹਨ ਜੋ ਵਾਸਤਵ ਵਿੱਚ ਮੁਸਲਮਾਨ ਆਪਣੇ ਨਿਕੰਮੇਪੁਣੇ ਅਤੇ ਤਵਕੱਲ (ਵਿਸ਼ਵਾਸ) ਦੀ ਗ਼ਲਤ ਕਲਪਨਾ ਕਰਕੇ ਆਪਣੀ ਸਾਖ਼ ਗਵਾਈ ਬੈਠੇ ਹਨ ਅਤੇ ਕਮਜ਼ੋਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਜਿੱਥੇ ਕੁਝ ਕਰਦੇ ਹਨ ਓਥੇ ਵੀ ਉਹਨਾਂ ਦੀ ਉਕੱਾ ਹੀ ਗਲਤ ਅਪਰੋਚ (approach) ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਦੀ ਆਇਤ ਹੈ ਕਿ 'ਅਤੇ ਆਕਾਸ਼ ਵਿੱਚ ਤੁਹਾਡਾ ਰਿਜ਼ਕ ਵੀ ਹੈ ਅਤੇ ਜੋ ਕੁਝ ਵਾਦਾ ਕੀਤਾ ਜਾਂਦਾ ਹੈ ਉਹ ਵੀ ਹੈ' । ਫ਼ਰਮਾਇਆ, ਇਸ ਤੋਂ ਇਕ ਨਾਦਾਨ ਧੋਖਾ ਖਾਂਦਾ ਹੈ ਅਤੇ ਤਦਬੀਰ ਦੀ ਕੜੀ ਨੂੰ ਝੂਠਾ ਕਰ ਦਿੰਦਾ ਹੈ । ਮੁਸਲਮਾਨ ਸਮਝਦੇ ਹਨ ਕਿ ਰੱਬ ਨੇ ਫ਼ਰਮਾ ਦਿਤੱਾ ਆਕਾਸ਼ ਵਿੱਚ ਤੁਹਾਡਾ ਰਿਜ਼ਕ ਹੈ ਅਤੇ ਜੋ ਤੁਹਾਨੂੰ ਵਾਦਾ ਦਿੱਤਾ ਜਾਂਦਾ ਹੈ ਉਹ ਮਿਲੇਗਾ, ਇਸ ਲਈ ਕੁਝ ਕਰਨ ਦੀ ਲੋੜ ਨਹੀਂ । ਰੱਬ ਆਪ ਹੀ ਸਭ ਕੁਝ ਭੇਜ ਦੇਵੇਗਾ । ਜੱਦ ਕਿ ਸੂਰਤ ਜੁਮਆ ਵਿੱਚ ਰੱਬ ਫ਼ਰਮਾਉਂਦਾ ਹੈ : ਤੁਸੀਂ ਧਰਤੀ ਵਿੱਚ ਫੈਲ ਜਾਓ ਅਤੇ ਰੱਬ ਦੀਆਂ ਮਿਹਰਾਂ ਦੀ ਭਾਲ ਕਰੋ ਅਤੇ ਰੱਬ ਦੀ ਮਿਹਰ ਇਹੋ ਹੈ ਭਾਲ ਕਰਨਾ ਕਿ ਮਿਹਨਤ ਕਰੋ ਅਤੇ ਆਪਣੇ ਅੰਗਾਂ ਨੂੰ ਵਰਤੋਂ ਵਿੱਚ ਲਿਆਓ । ਫ਼ਰਮਾਇਆ ਕਈ ਲੋਕ ਠੋਕਰ ਖਾਕੇ ਅਸਬਾਬ ਪ੍ਰਸਤ ਹੋ ਜਾਂਦੇ ਹਨ ਅਤੇ ਕਈ ਲੋਕ ਰੱਬ ਦੀਆਂ ਬਖ਼ਸ਼ੀਆਂ ਸ਼ਕਤੀਆਂ ਨੂੰ ਕੇਵਲ ਬੇਕਾਰ ਵਿਚਾਰ ਕਰਨ ਲੱਗ ਜਾਂਦੇ ਹਨ । ਫ਼ਰਮਾਇਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਜੁੱਧ ਲਈ ਜਾਂਦੇ ਤਾਂ ਤਿਆਰੀ ਕਰਦੇ ਸਨ । ਘੋੜੇ ਹੱਥਿਆਰ ਵੀ ਨਾਲ ਲੈਂਦੇ ਸਨ ਸਗੋਂ ਆਪ ਕਈ ਵਾਰ ਦੋ ਦੋ ਜ਼ਰ੍ਹਾਂ ਪਹਿਨ ਕੇ ਜਾਂਦੇ ਸਨ ਤਲਵਾਰ ਵੀ ਕਮਰ ਨਾਲ ਲਟਕਾ ਲੈਂਦੇ ਸਨ ਜੱਦ ਕਿ ਉਧੱਰ ਰੱਬ ਨੇ ਵਾਦਾ ਦਿੱਤਾ ਹੋਇਆ ਸੀ ਕਿ ਰੱਬ ਤੈਂਨੂੰ ਲੋਕਾਂ ਦੇ ਹਮਲਿਆਂ ਤੋਂ ਸੁਰੱਖਿਅਤ ਰੱਖੇਗਾ । ਸੋ, ਤਦਬੀਰ ਪੂਰੀ ਕਰਕੇ ਫ਼ਿਰ ਤਵਕੱਲ (ਵਿਸ਼ਵਾਸ) ਦਾ ਹੁਕੁਮ ਹੈ । ਇਸੇ ਪ੍ਰਕਾਰ ਹਰ ਮਾਮਲੇ ਵਿੱਚ ਮਿਹਨਤ ਕਰਕੇ ਫਿਰ ਤਵਕੱਲ ਦਾ ਹੁਕੁਮ ਹੈ ਇਸ ਤੋਂ ਬਿਨਾ ਰੱਬ ਦੀ ਮਦਦ ਨਹੀਂ ਆਉਂਦੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਹਾਮ 'ਬਾਦਸ਼ਾਹ ਤੇਰੇ ਕਪੜਿਆਂ ਤੋਂ ਬਰਕਤ ਢੂੰਡਣਗੇ' ਦੀ ਇਕ ਬਹੁਤ ਹੀ ਸੁੰਦਰ ਵਿਆਖਿਆ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਕੀਤੀ ਹੈ ਆਪ ਫ਼ਰਮਾਉਂਦੇ ਹਨ ਕਿ ਜੱਦ ਉਹ ਸਮਾਂ ਆਏਗਾ ਕਿ ਬਾਦਸ਼ਾਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਸਤਰਾਂ ਤੋਂ ਬਰਕਤ ਢੂੰਡਣਗੇ ਤਾਂ ਆਪ ਦੇ ਸਹਾਬਾ (ਜੋ ਆਪ ਨੂੰ ਮਿਲੇ ਜਾਂ ਜਿੰਨ੍ਹਾ ਨੇ ਆਪਨੂੰ ਦੇਖਿਆ) ਅਤੇ ਤਾਬਿਈਨ (ਜੋ ਸਹਾਬਾ ਨੂੰ ਮਿਲੇ ਜਾਂ ਸਹਾਬਾ ਨੂੰ ਦੇਖਿਆ ਜਾਂ ਉਹਨਾਂ ਦੀ ਸੰਦਤਾਨ) ਅਤੇ ਫਿਰ ਤਬਾ ਤਾਬਿਈਨ (ਜੋ ਤਾਬਿਈਨ ਨੂੰ ਮਿਲੇ ਜਾਂ ਦੇਖਿਆ ਜਾਂ ਉਹਨਾਂ ਦੀ ਸੰਤਾਨ) ਤੋਂ ਵੀ ਉਹਨਾਂ ਦੇ ਦਰਜਿਆਂ ਅਨੁਸਾਰ ਬਰਕਤ ਹਾਸਲ ਕੀਤੀ ਜਾਵੇਗੀ । ਸੋ, ਤੁਸੀਂ ਰੱਬ ਤੋਂ ਦੁਆ ਕਰਦੇ ਰਹੋ ਕਿ ਤਾਕਤ ਮਿਲ ਜਾਣ ਦੇ ਬਾਦ ਕਿਤੇ ਤੁਸੀ ਜ਼ੁਲਮ ਨ ਕਰਨ ਲੱਗ ਜਾਓ । ਸੋ, ਤੁਸੀਂ ਖ਼ੁਸੀ ਮਨਾਉਣ ਦੇ ਨਾਲ ਨਾਲ 'ਇਸਤਗ਼ਫ਼ਾਰ' ਵੀ ਕਰਦੇ ਰਹੋ ਅਤੇ ਆਪਣੇ ਲਈ ਵੀ ਅਤੇ ਹੋਰਨਾ ਲਈ ਵੀ ਦੁਆ ਕਰੋ । (ਇਹ ਬਹੁਤ ਜ਼ਰੂਰੀ ਚੀਜ਼ ਹੈ ਕਿ ਅੱਜ ਅਸੀਂ ਅਮਨ ਅਮਨ ਦੀਆਂ ਗੱਲਾਂ ਕਰਦੇ ਹਾਂ ਸਲਾਮਤੀ ਦੀਆਂ ਗੱਲਾਂ ਕਰਦੇ ਹਾਂ ਜੱਦ ਸਭ ਕੁਝ ਮਿਲੇ ਜੱਦ ਬਾਦਸ਼ਾਹ ਅਹਮਦੀ ਮੁਸਲਮਾਨ ਹੋਣ ਅਤੇ ਬਰਕਤ ਹਾਸਲ ਕਰਨ ਦੇ ਜਤਨ ਕਰਨ, ਉਸ ਸਮੇਂ ਸਾਡਾ ਜੋ ਹੈ ਅਮਨ ਤੇ ਸਲਾਮਤੀ ਦਾ ਸੰਦੇਸ਼ ਉਹ ਫੈਲਣਾ ਚਾਹੀਦਾ ਹੈ, ਉਸ ਸਮੇਂ ਪ੍ਰੇਮ ਤੇ ਪਿਆਰ ਦਾ ਸੰਦੇਸ਼ ਫੈਲਣਾ ਚਾਹੀਦਾ ਹੈ ਨਹੀਂ ਤਾਂ ਅੱਜ ਕਲ ਮਜਬੂਰੀ ਦੀਆਂ ਗੱਲਾਂ ਹੋਣਗੀਆਂ ਫਿਰ) ਫ਼ਰਮਾਇਆ ਕਿ ਅਤੇ ਉਹ ਦਿਨ ਦੂਰ ਨਹੀਂ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਇਲਹਾਮ ਪੂਰਾ ਹੋਵੇਗਾ ਪਰ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਸਤਰਾਂ ਤੋਂ ਉਸੇ ਸਮੇਂ ਬਰਕਤ ਢੂੰਡਣਗੇ ਜੱਦ ਤੁਸੀਂ ਆਪ ਅਲੈਹਿ ਸਲਾਮ ਦੀਆਂ ਕਿਤਾਬਾਂ ਵਿੱਚੋਂ ਬਰਕਤ ਢੂੰਡਣ ਲੱਗ ਜਾਓ । ਆਪ ਨੇ ਫ਼ਰਮਾਇਆ ਕਿ ਜੱਦ ਤੁਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਵਿੱਚੋਂ ਬਰਕਤ ਢੂੰਡਣ ਲੱਗ ਜਾਓਗੇ ਤਾਂ ਰੱਬ ਅਜਿਹੇ ਸਾਧਨ ਪੈਦਾ ਕਰ ਦੇਵੇਗਾ ਜੋ ਕਿ ਆਪ ਦੇ

ਵਸਤਰਾਂ ਤੋਂ ਬਰਕਤ ਢੂੰਡਣਗੇ । ਪ੍ਰਚਾਰ ਹੋਵੇਗਾ, ਫੈਲੇਗਾ, ਬਾਦਸ਼ਾਹੀਆਂ ਆਉਣਗੀਆਂ, ਫਿਰ ਉਹ ਵਸਤਰਾਂ ਤੋਂ ਬਰਕਤ ਢੂੰਡਣ ਦਾ ਜਤਨ ਕਰਨਗੇ । ( ਫਿਰ ਆਪ ਨੇ ਤਬੱਰੁਕਾਤ ਨੂੰ ਸੁਰੱਖਿਅਤ ਰਖੱਣ ਬਾਰੇ ਮਾਰਗਦਰਸ਼ਨ ਕੀਤਾ)

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਿੰਨ੍ਹਾ ਦੀਆਂ ਕਿਤਾਬਾ ਦੀ ਚਰਚਾ ਹੋਈ, ਇਸ ਬਾਰੇ ਅਰੰਭ ਵਿੱਚ ਕਿਤਾਬਾਂ ਕਿਵੇਂ ਪ੍ਰਕਾਸ਼ਤ ਹੁੰਦੀਆਂ ਸਨ ਕੁਝ ਵਰਨਣ ਕਰਾਂ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਾਤਬਾਂ ਦੇ ਨਖ਼ਰੇ ਸਹਿਨ ਕਰਦੇ ਸਨ ਅਤੇ ਮਿਆਰ ਚੰਗਾ ਰਖੱਣ ਦਾ ਜਤਨ ਕਰਦੇ ਸਨ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹ ਪਸੰਦ ਨਹੀਂ ਕਰਦੇ ਸਨ ਕਿ ਕਿਸੇ ਮਮੂਲੀ ਕਾਤਬ ਤੋਂ ਕਿਤਾਬ ਲਿਖੱਵਾਕੇ ਖ਼ਰਾਬ ਕੀਤੀ ਜਾਏ ਕਿਉਂਕਿ ਇਸ ਪ੍ਰਕਾਰ ਕਿਤਾਬ ਦਾ ਮਿਆਰ ਲੋਕਾਂ ਦੀ ਦ੍ਰਿਸ਼ਟੀ ਵਿੱਚ ਘੱਟ ਹੋ ਜਾਂਦਾ ਹੈ । ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਆਪਣੀਆਂ ਕਿਤਾਬਾਂ ਦੀ ਛਪਾਈ ਬਾਰੇ ਇਕ ਵਿਸ਼ੇਸ਼ ਦ੍ਰਿਸ਼ਟੀ ਦਿਖਾਈ ਦਿੰਦੀ ਹੈ ਕਿ ਗ਼ੈਰਾਂ ਸਾਹਮਣੇ ਵੀ ਇਸਲਾਮ ਦੀ ਰੱਖਿਆ ਬਾਰੇ ਅਤੇ ਉਸ ਦੀ ਸੁੰਦਰਤਾ ਬਾਰੇ ਜੋ ਵੀ ਸੰਭਵ ਉਮਦਾ ਚੀਜ਼ ਪੇਸ਼ ਹੋ ਸਕਦੀ ਹੈ ਉਹ ਪੇਸ਼ ਕੀਤੀ ਜਾਵੇ ਅਤੇ ਆਪਣਿਆਂ ਦੇ ਗਿਆਨ ਵਿੱਚ ਵਾਧੇ ਲਈ ਵੀ ਸੁੰਦਰ ਰੂਪ ਵਿੱਚ ਇਸਲਾਮ ਦੀ ਸਿੱਖਿਆ ਸਾਹਮਣੇ ਆਏ।

ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਨੂੰ ਸਾਨੂੰ ਵਿਸ਼ੇਸ਼ ਰੂਪ ਵਿੱਚ ਪੜ੍ਹਨ ਦਾ ਜਤਨ ਕਰਨਾ ਚਾਹੀਦਾ ਹੈ, ਉਹਨਾਂ ਤੋਂ ਹੀ ਸਾਡਾ ਧਾਰਮਕ ਗਿਆਨ ਵਧੇਗਾ ਅਤੇ ਸਾਨੂੰ ਪ੍ਰਚਾਰ ਦਾ ਸ਼ੌਕ ਵੀ ਪੈਦਾ ਹੋਵੇਗਾ । ਸਾਡੇ ਗਿਆਨ ਵਿੱਚ ਵੀ ਬਰਕਤ ਪਏਗੀ ਅਤੇ ਦੁਨੀਆ ਨੂੰ ਅਸੀਂ ਇਸਲਾਮ ਦੇ ਝੰਡੇ ਹੇਠ ਲਿਆਉਣ ਦੇ ਯੋਗ ਹੋਵਾਂਗੇ । ਸੋ ਨੌਜੁਆਨਾਂ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਫਿਰ ਹੀ 'ਬਾਦਸ਼ਾਹ ਤੇਰੇ ਕਪੜਿਆਂ ਤੋਂ ਬਰਕਤ ਢੂੰਡਣਗੇ' ਇਲਹਾਮ ਦੀ ਵਾਸਤਵਿਕਤਾ ਸਹੀ ਰੂਪ ਵਿੱਚ ਪ੍ਰਕਟ ਹੋ ਸਕੇਗੀ ਅਤੇ ਉਸ ਦੀ ਸਾਨੂੰ ਸਮਝ ਵੀ ਆਏਗੀ ਅਤੇ ਅਸੀਂ ਪ੍ਰਚਾਰ ਦੇ ਚੰਗੇ ਤੇ ਉਤੱਮ ਮਿਆਰ ਪੈਦਾ ਕਰ ਸਕਾਂਗੇ । ਅਲੱਾਹ ਤਆਲਾ ਇਸ ਗੱਲ ਨੂੰ ਸਮਝਣ ਦੀ ਸਾਨੂੰ ਸਾਰਿਆਂ ਨੂੰ ਤੌਫ਼ੀਕ ਪ੍ਰਦਾਨ ਕਰੇ ।

ਖ਼ੁਤਬਾ ਜੁਮਆ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਤਿੰਨ ਮਰਹੂਮੀਨ ਮੁਕਰੱਮ ਚੌਧਰੀ ਅਬਦੁਲ ਅਜ਼ੀਜ਼ ਸਾਹਬ ਡੋਗਰ (ਰਬਵਾ), ਮੁਕਰੱਮਾ ਇਕਬਾਲ ਨਸੀਮ ਅਜ਼ਮਤ ਬਟ ਸਾਹਿਬਾ ਸੁਪਤਨੀ ਮੁਕਰੱਮ ਗ਼ੁਲਾਮ ਸਰਵਰ ਬੱਟ ਸਾਹਬ ਅਤੇ ਮੁਕਰੱਮਾ ਮਰਯੱਮ ਸਦੀਕਾ ਸਾਹਿਬਾ ਸੁਪਤਨੀ ਮੁਕਰੱਮ ਕੁਰੈਸ਼ੀ ਸ਼ਫ਼ੀ ਆਬਦ ਸਾਹਬ ਦਰਵੇਸ਼ ਮਰਹੂਮ ਦੇ ਸਦਗੁਣਾ ਅਤੇ ਸੇਵਾਵਾਂ ਦੀ ਚਰਚਾ ਕਰਦਿਆਂ ਹੋਇਆਂ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 15.01.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131